◆ ADVT ◆
ਇੱਥੇ ਇਸ਼ਤਿਹਾਰ ਦਿਓ
98700 06472 · need24.digital

NEED24 NEWS
ਨੀਡ 24 ਨਿਊਜ਼
ਹਰ ਖ਼ਬਰ, ਹਰ ਸ਼ਹਿਰ

◆ ADVT ◆
ਇੱਥੇ ਇਸ਼ਤਿਹਾਰ ਦਿਓ
98700 06472 · need24.digital

DIGITAL E-PAPER

PRGI APPLICATION
UNDER PROCESS
Application No.
T/GJ/2026/0619/2304/1577

GST
GSTIN
24CINPG0564Q1ZT

UDYAM REGISTERED
UDYAM-GJ-14-0003714

◆ DIGITAL NEWS NETWORK ◆
ਭਾਰਤ ਦਾ ਭਰੋਸੇਮੰਦ ਬਹੁਭਾਸ਼ੀ ਡਿਜੀਟਲ ਨਿਊਜ਼ ਨੈੱਟਵਰਕ
11+ Languages | 24×7 Live | e-Paper Daily

ਸਾਡੀ App ਡਾਊਨਲੋਡ ਕਰੋ
Download on the App Store
GET IT ON Google Play

www.need24.digital
info@need24.in
+91 98700 06472
FOLLOW US:

तेज़ | सटीक | निष्पक्ष | जनहित में | सच की आवाज़ | जन-जन की आवाज़ | निडर पत्रकारिता

PUNJAB | ਨੀਡ 24 ਨਿਊਜ਼ · ਹਰ ਖ਼ਬਰ, ਹਰ ਸ਼ਹਿਰ | 17 November 2026

ਸੰਗਰਾਂਦ ਦੇ ਪਵਿੱਤਰ ਦਿਹਾੜੇ ਤੇ ਸੰਗਤਾਂ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਵਿਖੇ ਨਤਮਸਤਕ ਹੋਈਆਂ ।



ਅੱਜ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਵਿਖੇ ਸੰਗਰਾਂਦ ਦੇ ਪਵਿੱਤਰ ਦਿਹਾੜੇ ਤੇ ਸੰਗਤਾਂ ਨਤਮਸਤਕ ਹੋਈਆਂ।

— **Parkash singh**

ਮਾਤਾ ਮਰੀਅਮ ਦੀ ਖਾਸ ਤਿਉਹਾਰ 'ਤੇ ਮਸੀਹ ਆਗੂਆਂ ਨੇ ਸ਼ੁਭ ਯਾਤਰਾ ਕੱਢੀ

ਮਸੀਹ ਆਗੂਆਂ ਨੇ ਮਾਤਾ ਮਰੀਅਮ ਦੀ ਖਾਸ ਤਿਉਹਾਰ ਦੇ ਮੌਕੇ 'ਤੇ ਸ਼ੁਭ ਯਾਤਰਾ ਕੱਢੀ। ਇਹ ਯਾਤਰਾ ਮਸੀਹ ਦੇ ਆਗੂਆਂ ਵੱਲੋਂ ਆਯੋਜਿਤ ਕੀਤੀ ਗਈ ਹੈ, ਜਿਸ ਵਿੱਚ ਭਗਤਾਂ ਨੂੰ ਆਤਮਿਕ ਅਨੁਭਵ ਪ੍ਰਦਾਨ ਕੀਤਾ ਜਾ ਰਿਹਾ ਹੈ। ਯਾਤਰਾ ਦੌਰਾਨ ਲਾਈਵ ਤਸਵੀਰਾਂ ਸਾਂਝੀਆਂ ਕੀਤੀਆਂ ਜਾ ਰਹੀਆਂ ਹਨ, ਜਿਸ ਨਾਲ ਦੂਰ ਰਹਿਣ ਵਾਲੇ ਭਗਤ ਵੀ ਇਸ ਦਿਵਿਆ ਅਨੁਭਵ ਦਾ ਹਿੱਸਾ ਬਣ ਸਕਦੇ ਹਨ। ਇਸ ਮੌਕੇ

— **Amandeep Singh**

ਪਰਿਵਾਰ ਦੀ ਅਨਿਆਇਕਤਾ ਕਾਰਨ ਢਿਲਵਾ ਚੌਂਕ ਬੰਦ

ਢਿਲਵਾ ਚੌਂਕ ਨੂੰ ਹਾਲ ਹੀ ਵਿੱਚ ਬੰਦ ਕੀਤਾ ਗਿਆ ਹੈ, ਜਦੋਂ ਕਿ ਇੱਕ ਪਰਿਵਾਰ ਨੂੰ ਇਨਸਾਫ ਨਹੀਂ ਮਿਲਿਆ। ਤਸਵੀਰਾਂ ਵਿੱਚ ਪਰਿਵਾਰ ਦੀ ਦੁਖੀ ਹਾਲਤ ਦਿਖਾਈ ਦਿੱਤੀ ਗਈ ਹੈ, ਜਿੱਥੇ ਉਹਨਾਂ ਨੇ ਆਪਣੇ ਅਨੁਭਵ ਨੂੰ ਸਾਂਝਾ ਕੀਤਾ। ਬੰਦ ਕਰਨ ਦਾ ਫੈਸਲਾ ਪਰਿਵਾਰ ਦੀ ਅਸੰਤੁਸ਼ਟੀ ਦੇ ਬਾਅਦ ਲਿਆ ਗਿਆ। ਲਾਈਵ ਤਸਵੀਰਾਂ ਨੂੰ ਵੇਖਣ ਲਈ ਤੁਸੀਂ ਸਾਡੇ ਵੈਬਸਾਈਟ 'ਤੇ ਜਾ ਸਕਦੇ ਹੋ।

— **Amandeep Singh**

CRIME

ਪੰਜਾਬ: ਸ਼ਰਾਬ ਦੀਆਂ ਪੇਟੀਆਂ ਨਾਲ ਭਰੀ ਫੋਰਚੂਨਰ ਹੋਈ ਵੱਡੇ ਹਾਦਸੇ ਦਾ ਸ਼ਿਕਾਰ



ਪੰਜਾਬ: ਸ਼ਰਾਬ ਦੀਆਂ ਪੇਟੀਆਂ ਨਾਲ ਭਰੀ ਫੋਰਚੂਨਰ ਹੋਈ ਵੱਡੇ ਹਾਦਸੇ ਦਾ ਸ਼ਿਕਾਰ

Monday, Nov 16, 2026 ।

ਤਰਨਤਾਰਨ(need24)- ਹਰੀਕੇ ਤੋਂ ਅੰਮ੍ਰਿਤਸਰ ਜਾ ਰਹੀ ਇੱਕ ਫੋਰਚੂਨਰ ਗੱਡੀ ਦਾ ਨੈਸ਼ਨਲ ਹਾਈਵੇ ਉੱਪਰ ਐਕਸੀਡੈਂਟ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ ਜਿਸ ਵਿੱਚ ਕਰੀਬ 50 ਪੇਟੀਆਂ ਸ਼ਰਾਬ ਲੱਦੀਆਂ ਹੋਈਆਂ ਸਨ। ਫੋਰਚੂਨਰ ਚਾਲਕ ਹਾਦਸੇ 'ਚ ਗੰਭੀਰ ਰੂਪ ਦੌਰਾਨ ਜ਼ਖ਼ਮੀ ਹੋ ਗਿਆ ਹੈ ਜਿਸ ਨੂੰ ਅੰਮ੍ਰਿਤਸਰ ਦੇ ਇੱਕ ਨਿੱਜੀ ਹਸਪਤਾਲ ਵਿਖੇ ਇਲਾਜ ਲਈ ਦਾਖਲ ਕਰਵਾਇਆ ਗਿਆ ਹੈ ਅਤੇ ਇਸ ਸੰਬੰਧੀ ਥਾਣਾ ਸਰਹਾਲੀ ਦੀ ਪੁਲਸ ਵੱਲੋਂ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

ਜਾਣਕਾਰੀ ਦਿੰਦੇ ਹੋਏ ਥਾਣਾ ਸਰਹਾਲੀ ਦੇ ਮੁਖੀ ਸਬ ਇੰਸਪੈਕਟਰ ਬਲਬੀਰ ਸਿੰਘ ਨੇ ਦੱਸਿਆ ਕਿ ਇੱਕ ਫੋਰਚੂਨਰ ਗੱਡੀ ਜੋ ਹਰੀਕੇ ਵਾਲੀ ਸਾਈਡ ਤੋਂ ਅੰਮ੍ਰਿਤਸਰ ਨੂੰ ਜਾ ਰਹੀ ਸੀ ਅਤੇ ਜੋ ਥਾਣਾ ਸਰਹਾਲੀ ਅਧੀਨ ਆਉਂਦੇ ਨੈਸ਼ਨਲ ਹਾਈਵੇ ਵਿਖੇ ਪੁੱਜੀ ਤਾਂ ਸੜਕ ਉੱਪਰ ਖਿਲਰੇ ਹੋਏ ਮੱਕੀ ਦੇ ਦਾਣਿਆਂ ਕਰਕੇ ਅਚਾਨਕ ਹਾਦਸੇ ਦਾ ਸ਼ਿਕਾਰ ਹੋ ਗਈ। ਜਿਸ ਵਿੱਚ ਸਵਾਰ ਗੁਰਮੁਖ ਸਿੰਘ ਪੁੱਤਰ ਲੱਖਾ ਸਿੰਘ ਵਾਸੀ ਅੰਮ੍ਰਿਤਸਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ ਹੈ। ਜਿਸ ਨੂੰ ਤੁਰੰਤ ਹਸਪਤਾਲ ਵਿਖੇ ਲਜਾਇਆ ਗਿਆ ਜਿੱਥੇ ਡਾਕਟਰਾਂ ਨੇ ਉਸਨੂੰ ਅੰਮ੍ਰਿਤਸਰ ਵਿਖੇ ਰੈਫਰ ਕਰ ਦਿੱਤਾ ਹੈ।

ਥਾਣਾ ਮੁਖੀ ਨੇ ਦੱਸਿਆ ਕਿ ਇਸ ਫਾਰਚੂਨਰ ਗੱਡੀ ਵਿੱਚ ਕਰੀਬ 50 ਬੇਟੀਆਂ ਅੰਗਰੇਜ਼ੀ ਸ਼ਰਾਬ ਮੌਜੂਦ ਸੀ ਜਿਨਾਂ ਵਿੱਚ ਕਰੀਬ 9 ਪੇਟੀਆਂ ਰੋਇਲ ਸਟੈਗ ,2 ਪੇਟੀਆਂ ਮੈਕੱਡਾਵਲ ਅਤੇ ਬਾਕੀ ਕਲੱਬ ਨਾਮ ਦੀ ਵਿਸਕੀ ਦੀਆਂ ਸਨ। ਉਨ੍ਹਾਂ ਨੇ ਦੱਸਿਆ ਕਿ ਇਸ ਸ਼ਰਾਬ ਅਤੇ ਫਾਰਚੂਨਰ ਗੱਡੀ ਨੂੰ ਪੁਲਸ ਵੱਲੋਂ ਆਪਣੇ ਕਬਜ਼ੇ ਵਿੱਚ ਲੈਂਦੇ ਹੋਏ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਫੋਰਚੂਨਰ ਚਾਲਕ ਗੁਰਮੁਖ ਸਿੰਘ ਦੀ ਹਾਲਤ ਗੰਭੀਰ ਬਣੀ ਹੋਈ ਹੈ। ਜਿਸ ਤੋਂ ਬਾਅਦ ਹੀ ਪਤਾ ਚੱਲੇਗਾ ਕਿ ਇਹ ਸ਼ਰਾਬ ਕਿੱਥੋਂ ਅਤੇ ਕਿਹੜੇ ਪਰਮਿਟ ਨਾਲ ਲਿਆਂਦੀ ਜਾ ਰਹੀ ਸੀ

— **Shamsher Singh**

ਅਗਲੀ ਅਕਾਲੀ ਸਰਕਾਰ ਵਪਾਰੀਆਂ ਲਈ ਸਵੈ-ਘੋਸ਼ਣਾ ਪ੍ਰਣਾਲੀ ਕਰੇਗੀ ਸ਼ੁਰੂ : ਸੁਖਬੀਰ ਸਿੰਘ ਬਾਦਲ



ਮੌੜ ਨੂੰ ਕੱਪੜਾ ਵਪਾਰ ਦਾ ਹੱਬ ਬਣਾਉਣ ਦਾ ਐਲਾਨ; ਛੋਟੇ ਵਪਾਰੀਆਂ ਨੂੰ 10-10 ਲੱਖ ਰੁਪਏ ਦੇ ਜੀਵਨ, ਅਗਜ਼ਨੀ ਅਤੇ ਮੈਡੀਕਲ ਬੀਮਾ ਕਵਰ ਦੇਣ ਦਾ ਭਰੋਸਾ

ਮੌੜ ਮੰਡੀ, 16 ਨਵੰਬਰ (ਜੀਵਨ ਬਾਂਸਲ): ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਕਿ ਅਗਲੀ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਸੂਬੇ ਦੇ ਵਪਾਰੀਆਂ ਲਈ ਟੈਕਸ ਪ੍ਰਣਾਲੀ ਵਿੱਚ ਸਵੈ-ਘੋਸ਼ਣਾ ਪ੍ਰਣਾਲੀ ਸ਼ੁਰੂ ਕੀਤੀ ਜਾਵੇਗੀ। ਇਸ ਦੇ ਨਾਲ ਹੀ ਉਦਯੋਗਾਂ ਲਈ ਬਿਜਲੀ ਦੀਆਂ ਦਰਾਂ ਘਟਾ ਕੇ 5 ਰੁਪਏ ਪ੍ਰਤੀ ਯੂਨਿਟ ਕਰਨ ਦਾ ਵੀ ਭਰੋਸਾ ਦਿੱਤਾ। ਉਹ ਅੱਜ ਮੌੜ ਅਤੇ ਰਾਮਪੁਰਾ ਫੂਲ ਵਿਖੇ ਵਪਾਰੀਆਂ ਅਤੇ ਉਦਯੋਗਪਤੀਆਂ ਨਾਲ ਮੀਟਿੰਗਾਂ ਦੌਰਾਨ ਸੰਬੋਧਨ ਕਰ ਰਹੇ ਸਨ।

ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਹ ਵਪਾਰੀ ਵਰਗ ਵਿੱਚ ਵਿਸ਼ਵਾਸ ਦਾ ਮਾਹੌਲ ਸਿਰਜਣਾ ਚਾਹੁੰਦੇ ਹਨ ਅਤੇ ਸਰਕਾਰ ਤੇ ਵਪਾਰੀਆਂ ਵਿਚਕਾਰ ਆਪਸੀ ਭਰੋਸਾ ਹੋਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਪਿਛਲੀ ਸਰਕਾਰ ਸਮੇਂ ਛੋਟੇ ਵਪਾਰੀਆਂ ਲਈ ਸ਼ੁਰੂ ਕੀਤੀ ਗਈ ਰਾਹਤ ਯੋਜਨਾ, ਜਿਸ ਤਹਿਤ ਸਾਲਾਨਾ 1,000 ਰੁਪਏ ਜਮ੍ਹਾਂ ਕਰਵਾਉਣ ਦੀ ਵਿਵਸਥਾ ਸੀ, ਨੂੰ ਮੁੜ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਛੋਟੀਆਂ ਮੰਡੀਆਂ ਵਿੱਚ ਟੈਕਸ ਇੰਸਪੈਕਟਰਾਂ ਦੇ ਦੌਰੇ ਰੋਕੇ ਜਾਣਗੇ ਅਤੇ ਛੋਟੇ ਉਦਯੋਗਾਂ ਨੂੰ ਵੀ ਜਾਂਚ ਤੋਂ ਰਾਹਤ ਦਿੱਤੀ ਜਾਵੇਗੀ। ਅਜਿਹੇ ਉਦਯੋਗ ਸਰਕਾਰ ਨਾਲ ਆਨਲਾਈਨ ਸੰਪਰਕ ਕਰ ਸਕਣਗੇ।

ਉਨ੍ਹਾਂ ਦਾਅਵਾ ਕੀਤਾ ਕਿ ਜੀ.ਐੱਸ.ਟੀ. ਦੀ ਅਸਲ ਵਸੂਲੀ ਵੱਡੇ ਉਦਯੋਗਾਂ ਤੋਂ ਹੁੰਦੀ ਹੈ। ਉਨ੍ਹਾਂ ਪਿਛਲੀ ਕਾਂਗਰਸ ਅਤੇ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਪੰਜਾਬ ਵਿੱਚ ਨਿਵੇਸ਼ ਆਕਰਸ਼ਿਤ ਕਰਨ ਲਈ ਲੋੜੀਂਦੇ ਯਤਨ ਨਾ ਕਰਨ ਦੇ ਦੋਸ਼ ਵੀ ਲਗਾਏ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਪਿਛਲੀ ਸਰਕਾਰ ਸਮੇਂ ਨਿਵੇਸ਼ ਸੰਮੇਲਨਾਂ ਵਿੱਚ ਮੁਕੇਸ਼ ਅੰਬਾਨੀ, ਗੌਤਮ ਅਡਾਨੀ ਅਤੇ ਟਾਟਾ ਗਰੁੱਪ ਵਰਗੇ ਵੱਡੇ ਉਦਯੋਗਿਕ ਗਰੁੱਪਾਂ ਦੇ ਮੁਖੀਆਂ ਨੇ ਸ਼ਮੂਲੀਅਤ ਕੀਤੀ ਸੀ, ਜਦਕਿ ਮੌਜੂਦਾ ਸਰਕਾਰ ਦੇ ਨਿਵੇਸ਼ ਸੰਮੇਲਨਾਂ ਨੂੰ ਲੈ ਕੇ ਉਨ੍ਹਾਂ ਨੇ ਸਵਾਲ ਖੜ੍ਹੇ ਕੀਤੇ।

ਮੌੜ ਨੂੰ ਕੱਪੜਾ ਵਪਾਰ ਦਾ ਕੇਂਦਰ ਬਣਾਉਣ ਦਾ ਐਲਾਨ

ਮੌੜ ਮੰਡੀ ਦੇ ਵਿਕਾਸ ਬਾਰੇ ਗੱਲ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਨ੍ਹਾਂ ਨੂੰ ਇਲਾਕੇ ਦੇ ਹਾਲਾਤ ਅਤੇ ਸਥਾਨਕ ਲੋੜਾਂ ਦੀ ਜਾਣਕਾਰੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਅਕਾਲੀ ਦਲ ਦੀ ਪਿਛਲੀ ਸਰਕਾਰ ਦੌਰਾਨ ਕਸਬੇ ਦੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਮੌੜ ਨੂੰ ਕੱਪੜਾ ਵਪਾਰ ਦੇ ਕੇਂਦਰ ਵਜੋਂ ਵਿਕਸਤ ਕਰਨ ਦੀ ਯੋਜਨਾ ਹੈ ਅਤੇ ਨਵੀਂ ਜਾਮਨਗਰ ਸੜਕ ਦਾ ਲਾਹਾ ਲੈ ਕੇ ਇਸ ਇਲਾਕੇ ਵਿੱਚ ਕੱਪੜਾ ਵਪਾਰ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਉਨ੍ਹਾਂ ਭਰੋਸਾ ਦਿੱਤਾ ਕਿ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਇਸ ਪਹਿਲਕਦਮੀ ਨੂੰ ਮੁੜ ਸ਼ੁਰੂ ਕੀਤਾ ਜਾਵੇਗਾ।

ਛੋਟੇ ਵਪਾਰੀਆਂ ਨੂੰ ਤਿੰਨ ਤਰ੍ਹਾਂ ਦੇ ਬੀਮਾ ਕਵਰ ਦਾ ਭਰੋਸਾ

ਮੀਟਿੰਗ ਦੌਰਾਨ ਵਪਾਰੀ ਐਸੋਸੀਏਸ਼ਨ ਦੇ ਗੁਰਪ੍ਰੀਤ ਸਿੰਘ ਗੋਰਾ ਨੇ ਵਪਾਰੀਆਂ ਲਈ ਬੁਢਾਪਾ ਪੈਨਸ਼ਨ ਅਤੇ ਬੀਮਾ ਯੋਜਨਾ ਸ਼ੁਰੂ ਕਰਨ ਦੀ ਮੰਗ ਰੱਖੀ। ਇਸ 'ਤੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਇਹ ਯੋਜਨਾ ਲਾਗੂ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਛੋਟੇ ਵਪਾਰੀਆਂ ਨੂੰ 10 ਲੱਖ ਰੁਪਏ ਦਾ ਜੀਵਨ ਬੀਮਾ, 10 ਲੱਖ ਰੁਪਏ ਦਾ ਅਗਜ਼ਨੀ ਬੀਮਾ ਅਤੇ 10 ਲੱਖ ਰੁਪਏ ਦਾ ਮੈਡੀਕਲ ਬੀਮਾ ਕਵਰ ਮੁਫ਼ਤ ਦੇਣ ਦੀ ਯੋਜਨਾ ਬਣਾਈ ਜਾਵੇਗੀ। ਉਨ੍ਹਾਂ ਅਨੁਸਾਰ ਇਹ ਬੀਮਾ ਕਵਰ ਜੀ.ਐੱਸ.ਟੀ. ਵਿਭਾਗ ਰਾਹੀਂ ਮੁਹੱਈਆ ਕਰਵਾਇਆ ਜਾਵੇਗਾ।

ਵੱਖ-ਵੱਖ ਐਸੋਸੀਏਸ਼ਨਾਂ ਨੇ ਰੱਖੀਆਂ ਆਪਣੀਆਂ ਸਮੱਸਿਆਵਾਂ

ਮੀਟਿੰਗ ਦੌਰਾਨ ਵੱਖ-ਵੱਖ ਵਪਾਰਕ ਅਤੇ ਉਦਯੋਗਿਕ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਨੇ ਆਪਣੇ ਕਾਰੋਬਾਰ ਨਾਲ ਜੁੜੀਆਂ ਸਮੱਸਿਆਵਾਂ ਅਤੇ ਮੰਗਾਂ ਸੁਖਬੀਰ ਸਿੰਘ ਬਾਦਲ ਦੇ ਸਾਹਮਣੇ ਰੱਖੀਆਂ। ਇੰਡਸਟਰੀ ਐਸੋਸੀਏਸ਼ਨ ਦੇ ਮੰਗਤ ਰਾਏ ਨੇ ਕਿਹਾ ਕਿ ਛੋਟੇ ਉਦਯੋਗਾਂ ਲਈ ਜੀ.ਐੱਸ.ਟੀ. ਸਬੰਧੀ 40 ਲੱਖ ਰੁਪਏ ਦੀ ਛੋਟ ਬਹੁਤ ਘੱਟ ਹੈ ਅਤੇ ਇਸ ਨੂੰ ਵਧਾ ਕੇ ਇੱਕ ਕਰੋੜ ਰੁਪਏ ਕੀਤਾ ਜਾਣਾ ਚਾਹੀਦਾ ਹੈ।

ਟਰਾਂਸਪੋਰਟ ਯੂਨੀਅਨ ਦੇ ਪ੍ਰਿਤਪਾਲ ਪਾਲੀ ਨੇ ਵਪਾਰਕ ਵਾਹਨਾਂ 'ਤੇ ਚਾਰ ਸਾਲਾਂ ਦਾ ਟੈਕਸ ਇਕੱਠਾ ਵਸੂਲਣ ਦੇ ਮਾਮਲੇ ਨੂੰ ਉਠਾਇਆ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀ ਟੈਕਸ ਪ੍ਰਣਾਲੀ ਕਾਰੋਬਾਰ ਨੂੰ ਪ੍ਰਭਾਵਿਤ ਕਰ ਰਹੀ ਹੈ ਅਤੇ ਟਰਾਂਸਪੋਰਟਰਾਂ ਨੂੰ ਆਰਥਿਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਮੈਰਿਜ ਪੈਲੇਸ ਐਸੋਸੀਏਸ਼ਨ ਦੇ ਨੁਮਾਇੰਦਿਆਂ ਨੇ ਦੱਸਿਆ ਕਿ ਮੈਰਿਜ ਪੈਲੇਸਾਂ ਵਿੱਚ ਸਮਾਗਮ ਕਰਨ ਵਾਲੇ ਲੋਕਾਂ ਨੂੰ ਸਥਾਨਕ ਠੇਕੇਦਾਰਾਂ ਤੋਂ ਮਹਿੰਗੇ ਭਾਅ ਸ਼ਰਾਬ ਖਰੀਦਣ ਲਈ ਮਜਬੂਰ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦੀ ਤਰੁੱਟੀ ਹੋਣ 'ਤੇ ਮੈਰਿਜ ਪੈਲੇਸ ਮਾਲਕਾਂ ਨੂੰ ਕਥਿਤ ਤੌਰ 'ਤੇ ਬੇਲੋੜਾ ਤੰਗ-ਪ੍ਰੇਸ਼ਾਨ ਕੀਤਾ ਜਾਂਦਾ ਹੈ। ਉਨ੍ਹਾਂ ਇਸ ਸਬੰਧੀ ਰਾਹਤ ਦੇਣ ਦੀ ਮੰਗ ਕੀਤੀ।

ਭੱਠਾ ਮਾਲਕ ਐਸੋਸੀਏਸ਼ਨ ਦੇ ਸੁਰੇਸ਼ ਕੁਮਾਰ ਗੋਇਲ ਨੇ ਲਾਇਸੰਸ ਫੀਸ ਵਿੱਚ ਕੀਤੇ ਵਾਧੇ ਦਾ ਮੁੱਦਾ ਉਠਾਉਂਦਿਆਂ ਦੱਸਿਆ ਕਿ ਇਹ ਫੀਸ 30 ਹਜ਼ਾਰ ਰੁਪਏ ਤੋਂ ਵਧਾ ਕੇ ਤਿੰਨ ਲੱਖ ਰੁਪਏ ਕਰ ਦਿੱਤੀ ਗਈ ਹੈ। ਉਨ੍ਹਾਂ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਮਾਈਨਿੰਗ ਵਿਭਾਗ ਦੇ ਅਧਿਕਾਰੀਆਂ ਵੱਲੋਂ ਭੱਠਾ ਮਾਲਕਾਂ ਨੂੰ ਕਥਿਤ ਤੌਰ 'ਤੇ ਬੇਲੋੜਾ ਪ੍ਰੇਸ਼ਾਨ ਕਰਨ ਦੀ ਸਮੱਸਿਆ ਵੀ ਬਾਦਲ ਦੇ ਧਿਆਨ ਵਿੱਚ ਲਿਆਂਦੀ।

ਸੁਖਬੀਰ ਸਿੰਘ ਬਾਦਲ ਨੇ ਸ਼ੈਲਰ ਮਾਲਕਾਂ ਨੂੰ ਭਰੋਸਾ ਦਿਵਾਇਆ ਕਿ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਗੋਦਾਮਾਂ ਵਿੱਚੋਂ ਅਨਾਜ ਦੀ ਸਮੇਂ ਸਿਰ ਚੁਕਾਈ ਯਕੀਨੀ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਆੜ੍ਹਤੀਆਂ ਨੂੰ 2.5 ਫ਼ੀਸਦੀ ਕਮਿਸ਼ਨ ਦੇਣਾ ਵੀ ਯਕੀਨੀ ਬਣਾਇਆ ਜਾਵੇਗਾ, ਜਿਵੇਂ ਕਿ ਅਕਾਲੀ ਦਲ ਦੀ ਪਿਛਲੀ ਸਰਕਾਰ ਸਮੇਂ ਦਿੱਤਾ ਜਾਂਦਾ ਸੀ।

ਇਸ ਤੋਂ ਇਲਾਵਾ ਉਨ੍ਹਾਂ ਕੀਟਨਾਸ਼ਕ ਵਿਕਰੇਤਾਵਾਂ ਅਤੇ ਸੁਨਿਆਰਾ ਐਸੋਸੀਏਸ਼ਨ ਦੇ ਨੁਮਾਇੰਦਿਆਂ ਨੂੰ ਵੀ ਭਰੋਸਾ ਦਿੱਤਾ ਕਿ ਅਗਲੀ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਉਨ੍ਹਾਂ ਦੇ ਕਾਰੋਬਾਰ ਨਾਲ ਜੁੜੀਆਂ ਸਮੱਸਿਆਵਾਂ ਦਾ ਹੱਲ ਕਰਨ ਅਤੇ ਮੈਂਬਰਾਂ ਨੂੰ ਬੇਲੋੜੀ ਪ੍ਰੇਸ਼ਾਨੀ ਤੋਂ ਬਚਾਉਣ ਲਈ ਕਦਮ ਚੁੱਕੇ ਜਾਣਗੇ।

ਮੀਟਿੰਗ ਦੌਰਾਨ ਵਪਾਰੀਆਂ ਅਤੇ ਉਦਯੋਗਪਤੀਆਂ ਵੱਲੋਂ ਰੱਖੇ ਗਏ ਮੁੱਦਿਆਂ ਦੇ ਜਵਾਬ ਵਿੱਚ ਸੁਖਬੀਰ ਸਿੰਘ ਬਾਦਲ ਨੇ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਵੱਖ-ਵੱਖ ਰਾਹਤਾਂ ਅਤੇ ਸਹੂਲਤਾਂ ਦੇਣ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਵਪਾਰ ਅਤੇ ਉਦਯੋਗ ਨੂੰ ਉਤਸ਼ਾਹਿਤ ਕਰਨਾ ਪੰਜਾਬ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਜ਼ਰੂਰੀ ਹੈ।

ਇਸ ਮੌਕੇ ਸਾਬਕਾ ਮੰਤਰੀ ਜਨਮੇਜਾ ਸਿੰਘ ਸੇਖੋਂ, ਸਿਕੰਦਰ ਸਿੰਘ ਮਲੂਕਾ, ਮੋਹਿਤ ਗੁਪਤਾ ਅਤੇ ਅਮਿਤ ਕਪੂਰ ਸਮੇਤ ਹੋਰ ਆਗੂ ਵੀ ਹਾਜ਼ਰ ਸਨ।

— **Jiwan kumar, Bathinda**

ਪੰਜਾਬ ਦੀ 2027 ਚੋਣਾਂ ਲਈ ਸਾਰੀਆਂ ਪਾਰਟੀਆਂ ਵਿੱਚ ਉਤਸਾਹ



ਪੰਜਾਬ ਦੀ 2027 ਚੋਣਾਂ ਨੂੰ ਲੈ ਕੇ ਸਾਰੀਆਂ ਰਾਜਨੀਤਿਕ ਪਾਰਟੀਆਂ ਉਤਸਾਹ ਨਾਲ ਭਰੀਆਂ ਹਨ।

ਇਸ ਉਤਸਾਹ ਨੇ ਪੂਰੇ ਰਾਜ ਵਿੱਚ ਰਾਜਨੀਤਿਕ ਗਤੀਵਿਧੀਆਂ ਵਿੱਚ ਵਾਧਾ ਕੀਤਾ ਹੈ।

ਪਾਰਟੀਆਂ ਆਪਣੀ ਮੁਹਿੰਮ ਦੀ ਤਿਆਰੀ ਅਤੇ ਲੋਕਾਂ ਨਾਲ ਸੰਪਰਕ ਵਧਾਉਣ ਲਈ ਕਦਮ ਚੁੱਕ ਰਹੀਆਂ ਹਨ।

— Husain Ali

LOCAL

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਧੂਰੀ ਵਿੱਚ ਸੱਠ ਪੂਜਾ ਲਈ ਦੌਰਾ ਕੀਤਾ



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਧੂਰੀ ਵਿੱਚ ਸੱਠ ਪੂਜਾ ਲਈ ਦੌਰਾ ਕੀਤਾ।

ਪੂਜਾ ਦੌਰਾਨ ਉਨ੍ਹਾਂ ਨੇ ਮੱਥਾ ਟੇਕ ਕੇ ਸਵਾਗਤ ਕੀਤਾ।

ਇਹ ਦੌਰਾ ਸਥਾਨਕ ਲੋਕਾਂ ਲਈ ਮਹੱਤਵਪੂਰਨ ਸੀ।

— Sarbjit singh sarni

RELIGION

ਗੁਰੂ ਨਾਨਕ ਦੇਵ ਜੀ ਦੀ ਹੁਸ਼ਿਆਰਪੁਰ ਵਿੱਚ ਨਗਰ ਕੀਰਤਨ



ਹੁਸ਼ਿਆਰਪੁਰ ਵਿੱਚ ਗੁਰੂ ਨਾਨਕ ਦੇਵ ਜੀ ਦੀ ਨਗਰ ਕੀਰਤਨ ਦੀ ਆਯੋਜਨਾ ਕੀਤੀ ਗਈ, ਜਿਸ ਵਿੱਚ ਸਥਾਨਕ ਸੰਗਤਾਂ ਨੇ ਵੱਡੀ ਉਤਸਾਹ ਨਾਲ ਭਾਗ ਲਿਆ।

ਪ੍ਰਕਾਸ਼ਿਤ ਗੁਜਾਰਾ, ਕੁਰਬਾਨੀ ਅਤੇ ਸ਼ਬਦ-ਸੰਗੀਤ ਦੀ ਲੜੀ ਨਾਲ ਨਗਰ ਕੀਰਤਨ ਦੀ ਸ਼ੁਰੂਆਤ ਹੋਈ, ਜਿਸ ਵਿੱਚ ਭਗਤਾਂ ਨੇ ਗੁਰਬਾਣੀ ਦੀ ਗੂੰਜ ਨਾਲ ਆਪਣੀ ਭਗਤੀ ਪ੍ਰਗਟ ਕੀਤੀ।

ਸੰਗਤਾਂ ਦੀ ਭੀੜ ਨੇ ਰਸਤੇ ਨੂੰ ਰੰਗ-ਬਿਰੰਗੀ ਝੰਡੀਆਂ ਅਤੇ ਫੁੱਲਾਂ ਨਾਲ ਸਜਾਇਆ, ਅਤੇ ਹਰ ਕੋਨੇ ਤੋਂ ਆਉਂਦੇ ਲੋਕਾਂ ਨੇ ਇਸ ਧਾਰਮਿਕ ਸਮਾਗਮ ਨੂੰ ਦੇਖ ਕੇ ਆਪਣੀ ਆਤਮਿਕ ਸ਼ਾਂਤੀ ਮਹਿਸੂਸ ਕੀਤੀ।

— Amandeep Singh

LOCAL

ਬੱਸ ਡਰਾਈਵਰ ਅਤੇ ਕੋਲ ਟਰੱਕ ਵਿਚ ਟੱਕਰ, ਦੋਵੇਂ ਪਾਸੇ ਲੜਾਈ



ਬੱਸ ਚਾਲਕ ਨੇ ਕੋਲ ਟਰੱਕ ਨਾਲ ਟੱਕਰ ਮਾਰੀ, ਜਿਸ ਕਾਰਨ ਦੋਵੇਂ ਵਾਹਨਾਂ ਦੇ ਚਾਲਕਾਂ ਵਿਚ ਤੁਰੰਤ ਟੱਕਰ ਹੋਈ।

ਟੱਕਰ ਦੇ ਬਾਅਦ ਦੋਵੇਂ ਪਾਸੇ ਹੱਥ-ਪੈਰਾਂ ਦੀ ਲੜਾਈ ਸ਼ੁਰੂ ਹੋ ਗਈ, ਜਿਸ ਨੂੰ ਨੇੜਲੇ ਲੋਕਾਂ ਨੇ ਦੇਖਿਆ।

ਲੜਾਈ ਦੇ ਦੌਰਾਨ ਕੋਈ ਗੰਭੀਰ ਚੋਟ ਜਾਂ ਮੌਤ ਦੀ ਰਿਪੋਰਟ ਨਹੀਂ ਮਿਲੀ, ਪਰ ਦੋਵੇਂ ਪਾਸੇ ਦੀ ਹਾਲਤ ਤਣਾਅਪੂਰਨ ਰਹੀ।

— Amandeep Singh

ਹਲਕਾ ਤਰਨ ਤਾਰਨ ਤੋਂ 2027 ਵਿੱਚ ਦੁਬਾਰਾ ਫਿਰ ਸ: ਹਰਮੀਤ ਸਿੰਘ ਸੰਧੂ ਬਣਨਗੇ ਵਧਾਇਕ ?



ਤਰਨ ਤਾਰਨ 16 ਨਵੰਬਰ (ਪ੍ਰਕਾਸ਼ ਸਿੰਘ)

ਤਰਨ ਤਾਰਨ ਹਲਕੇ ਵਿੱਚ need24 news ਦੀ ਟੀਮ ਵੱਲੋਂ ਇੱਕ ਸਰਵੇਖਣ ਕੀਤਾ ਗਿਆ ਜਿਸ ਵਿੱਚ ਟੀਮ ਨੇ ਤਰਨ ਤਾਰਨ ਸ਼ਹਿਰ ਦੀ ਹਰ ਵਾਰਡ ਅਤੇ ਹਲਕੇ ਦੇ ਹਰ ਪਿੰਡ ਵਿੱਚ ਜਾਕੇ । ਜਦੋਂ ਲੋਕਾਂ ਕੋਲੋਂ 2027 ਦੀਆਂ ਚੋਣਾਂ ਵਿੱਚ ਕਿਹੜੀ ਪਾਰਟੀ ਜਿੱਤੀ ਹਾਸਲ ਕਰੇਗੀ ਬਾਰੇ ਜਾਣਕਾਰੀ ਲਈ ਗਈ ਤਾਂ ਜਾਦਾਤਰ ਲੋਕਾਂ ਨੇ ਸ ਹਰਮੀਤ ਸਿੰਘ ਸੰਧੂ ਨੂੰ ਹੀ ਜਤਾਉਣ ਦੀ ਗੱਲ ਕਹੀ।

ਲੋਕਾਂ ਦਾ ਮੰਨਣਾ ਸੀ ਕੇ ਜਦੋਂ ਤੋ ਸ ਹਰਮੀਤ ਸਿੰਘ ਸੰਧੂ ਆਮ ਆਦਮੀ ਪਾਰਟੀ ਵੱਲੋਂ ਵਿਧਾਇਕ ਬਣੇ ਹਨ ਹਲਕੇ ਵਿੱਚ ਵਿਕਾਸ ਕਾਰਜਾਂ ਦੀ ਗਤੀ ਤੇਜ਼ ਹੋਈ ਹੈ ਜੋ ਕਾਫ਼ੀ ਸਮੇਂ ਤੋਂ ਰੁਕੀ ਹੋਈ ਸੀ।

ਕੁਝ ਲੋਕਾਂ ਇਹ ਵੀ ਦੱਸਿਆ ਕੇ ਹਲਕੇ ਦੇ ਲੋਕਾਂ ਵਿੱਚ ਆਮ ਹੀ ਚਰਚਾ ਚੱਲ ਰਹੀ ਹੈ ਕੇ ਆਮ ਆਦਮੀ ਪਾਰਟੀ ਦੀ ਹਾਈ ਕਮਾਂਡ ਨੇ ਇੱਕ ਗੁਪਤ ਸਰਵੇਖਣ ਵੀ ਕਰਵਾਇਆ ਜਿਸ ਵਿੱਚ ਹਰਮੀਤ ਸਿੰਘ ਸੰਧੂ ਕਾਫ਼ੀ ਲੀਡ ਨਾਲ ਜਿੱਤ ਦੇ ਦਿਖਾਈ ਦਿੱਤੇ। ਉਸ ਸਰਵੇਖਣ ਦੇ ਆਧਾਰ ਤੇ ਹੀ ਆਮ ਆਦਮੀ ਪਾਰਟੀ ਦੀ ਹਾਈ ਕਮਾਂਡ ਨੇ ਸ: ਹਰਮੀਤ ਸਿੰਘ ਸੰਧੂ ਨੂੰ ਦੁਬਾਰਾ ਪਹਿਲੀ ਹੀ ਲਿਸਟ ਵਿੱਚ ਟਿਕਟ ਦੇ ਦਿੱਤੀ।

ਜਿਆਦਾਤਰ ਲੋਕਾਂ ਦੀ ਇਹ ਵੀ ਰਾਏ ਸੀ ਕੇ ਹਰਮੀਤ ਸਿੰਘ ਸੰਧੂ ਦੀ ਆਪਣੀ ਇੱਕ ਸਾਫ ਸੁਥਰੀ ਸਵੀ ਹੈ ਜਿਸ ਦੇ ਅਧਾਰ ਤੇ ਉਹ ਪਹਿਲਾਂ ਵੀ ਚਾਰ ਵਾਰ ਵਿਧਾਇਕ ਬਣ ਚੁੱਕੇ ਹਨ। ਲੋਕਾਂ ਦੀ ਰਾਏ ਦੇ ਅਨੁਸਾਰ ਹਰਮੀਤ ਸਿੰਘ ਸੰਧੂ ਕੋਲ 30 ਹਜ਼ਾਰ ਵੋਟਾਂ ਦੇ ਲਗਭਗ ਆਪਣੀ ਨਿੱਜੀ ਵੋਟ ਵੀ ਹੈ ਜੋ ਉਨ੍ਹਾਂ ਦੇ ਜਿੱਤਣ ਵਿੱਚ ਸਹਾਈ ਬਣ ਦੀ ਹੈ। ਲੋਕਾਂ ਦੀ ਰਾਏ ਦੇ ਅਨੁਸਾਰ ਹਰਮੀਤ ਸਿੰਘ ਸੰਧੂ ਤਰਨ ਤਾਰਨ ਸ਼ਹਿਰ ਦੇ ਪੱਕੇ ਵਸਨੀਕ ਹਨ ਬਾਕੀ ਜਿਨ੍ਹੇ ਵੀ ਦੂਜੀਆਂ ਪਾਰਟੀਆਂ ਦੇ ਉਮੀਦਵਾਰਾਂ ਆਉਦੇ ਹਨ ਉਹ ਹਲਕੇ ਤੋਂ ਬਾਹਰੋ ਆਉਂਦੇ ਹਨ ।

ਇਹਨਾਂ ਸਾਰਿਆਂ ਕਾਰਨਾਂ ਕਰਕੇ ਹਲਕੇ ਵਿੱਚ ਸ ਹਰਮੀਤ ਸਿੰਘ ਸੰਧੂ ਦੁਬਾਰਾ ਜਿੱਤ ਹਾਸਲ ਕਰਦੇ ਨਜਰ ਆ ਰਹੇ ਹਨ।

— Parkash singh

ਸੰਗਰੂਰ ਦੇ ਆਲੇ ਦੁਆਲੇ ਲੱਗੇ ਕੂੜੇ ਦੇ ਢੇਰ



ਕੂੜੇ ਦੀ ਡੰਪਿੰਗ ਨਾ ਹੋਣ ਕਾਰਨ ਸੰਗਰੂਰ ਦੇ ਆਲੇ ਦੁਆਲੇ ਲੱਗੇ ਕੂੜੇ ਕਰਕਟ ਦੇ ਢੇਰ ਰਾਹਗੀਰ ਹੁੰਦੇ ਹਨ ਪਰੇਸ਼ਾਨ

— Amandeep sharma

ਰੋਟਰੀ ਕਲੱਬ ਸੰਗਰੂਰ ਰੋਅਇਲ ਵੱਲੋਂ ਬਨਾਵਟੀ ਅੰਗਾਂ ਦਾ ਕੈਂਪ ਲਗਾਇਆ ਗਿਆ।



ਰੋਟਰੀ ਕਲੱਬ ਸੰਗਰੂਰ ਰੋਅ

ਇਲ ਅਤੇ ਪ੍ਰਬੰਧਕ ਕਮੇਟੀ ਮੰਦਰ ਸ੍ਰੀ ਮਹਾਂਕਾਲੀ ਸਭਾ ਸੰਗਰੂਰ ਵੱਲੋਂ ਭਗਵਾਨ ਮਹਾਵੀਰ ਵਿਕਲਾਗ ਸਹਾਇਤਾ ਸੰਮਤੀ ਅੰਬਾਲਾ ਦੁਆਰਾ ਸੰਗਰੂਰ ਸ਼ਹਿਰ ਵਿਖੇ ਬਨੌਟੀ ਅੰਗਾਂ ਦਾ ਮੁਫਤ ਕੈਂਪ ਲਗਾਇਆ ਗਿਆ।

— Amandeep sharma



ਸ੍ਰੀ ਗੁਰੂ ਅਰਜੁਨ ਦੇਵ ਜੀ ਵੱਲੋਂ ਵਸਾਈ ਨਗਰੀ ਤਰਨ ਤਾਰਨ ਵਿਖੇ ਸਥਿਤ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਵਿਖੇ ਸੰਗਤਾਂ ਪ੍ਰਸ਼ਾਦਾਂ ਸ਼ੱਕ ਦੀਆਂ ਹੋਈਆਂ।

— Parkash singh

ਸੋਸ਼ਲ ਮੀਡੀਆ ’ਤੇ ਜਲੰਧਰ ਵਿਖੇ ਮੇਰੀ ਕਿਸੇ ਨਾਲ ਹੋਈ ਕਥਿਤ ਗੁਪਤ ਮੀਟਿੰਗ ਸਬੰਧੀ ਚੱਲ ਰਹੀ ਖ਼ਬਰ ਪੂਰੀ ਤਰ੍ਹਾਂ ਬੇਬੁਨਿਆਦ, ਤੱਥਹੀਣ ਅਤੇ ਸੱਚਾਈ ਤੋਂ ਕੋਹਾਂ ਦੂਰ ਹੈ। ਅਜਿਹੀ ਕੋਈ ਮੀਟਿੰਗ ਨਹੀਂ ਹੋਈ।



ਸਤਿ ਸ੍ਰੀ ਅਕਾਲ ਜੀ,

ਸੋਸ਼ਲ ਮੀਡੀਆ ’ਤੇ ਜਲੰਧਰ ਵਿਖੇ ਮੇਰੀ ਕਿਸੇ ਨਾਲ ਹੋਈ ਕਥਿਤ ਗੁਪਤ ਮੀਟਿੰਗ ਸਬੰਧੀ ਚੱਲ ਰਹੀ ਖ਼ਬਰ ਪੂਰੀ ਤਰ੍ਹਾਂ ਬੇਬੁਨਿਆਦ, ਤੱਥਹੀਣ ਅਤੇ ਸੱਚਾਈ ਤੋਂ ਕੋਹਾਂ ਦੂਰ ਹੈ। ਅਜਿਹੀ ਕੋਈ ਮੀਟਿੰਗ ਨਹੀਂ ਹੋਈ।

ਮੇਰੇ ਸਿਆਸੀ ਸਟੈਂਡ, ਵਿਚਾਰਧਾਰਾ ਅਤੇ ਰਾਜਨੀਤਿਕ ਸਰਗਰਮੀਆਂ ਹਮੇਸ਼ਾ ਸਪੱਸ਼ਟ ਰਹੀਆਂ ਹਨ। ਮੈਂ ਆਪਣੀ ਸਿਆਸੀ ਭੂਮਿਕਾ ਜਨਤਕ ਤੌਰ ’ਤੇ ਨਿਭਾਉਂਦਾ ਹਾਂ, ਨਾ ਕਿ ਗੁਪਤ ਮੀਟਿੰਗਾਂ ਜਾਂ ਪਰਦੇ ਪਿੱਛੇ ਹੋਣ ਵਾਲੀਆਂ ਸਿਆਸੀ ਸਰਗਰਮੀਆਂ ਰਾਹੀਂ।

ਕੁਝ ਲੋਕਾਂ ਵੱਲੋਂ ਬਿਨਾਂ ਕਿਸੇ ਤੱਥ ਜਾਂ ਪੁਸ਼ਟੀ ਦੇ ਅਜਿਹੀਆਂ ਅਫ਼ਵਾਹਾਂ ਫੈਲਾਉਣਾ ਮੰਦਭਾਗਾ ਹੈ। ਮੇਰੀ ਸਾਰਿਆਂ ਨੂੰ ਅਪੀਲ ਹੈ ਕਿ ਅਜਿਹੀਆਂ ਬੇਬੁਨਿਆਦ ਚਰਚਾਵਾਂ ਨੂੰ ਤੱਥਾਂ ਤੋਂ ਬਿਨਾਂ ਮਹੱਤਵ ਨਾ ਦਿੱਤਾ ਜਾਵੇ।

— ਰਵਿੰਦਰ ਸਿੰਘ ਬ੍ਰਹਮਪੁਰਾ

— Parkash singh

LOCAL

ਜਲੰਧਰ ਦੇ ਭਗਤ ਸਿੰਘ ਕਾਲੋਨੀ ਵਿੱਚ ਪੂਜਾ ਸੰਬੰਧੀ ਚੈਟ



ਜਲੰਧਰ, ਪੰਜਾਬ – ਭਗਤ ਸਿੰਘ ਕਾਲੋਨੀ ਵਿੱਚ ਰਹਿਣ ਵਾਲੇ ਨਿਵਾਸੀਆਂ ਨੇ ਪੂਜਾ ਸੰਬੰਧੀ ਇੱਕ ਚੈਟ ਸੈਸ਼ਨ ਦਾ ਆਯੋਜਨ ਕੀਤਾ। ਇਸ ਚਰਚਾ ਦਾ ਉਦੇਸ਼ ਸਮੁਦਾਇਕ ਤੌਰ 'ਤੇ ਪੂਜਾ ਦੀ ਤਿਆਰੀ ਅਤੇ ਸਹਿਯੋਗ ਬਾਰੇ ਵਿਚਾਰ-ਵਿਮਰਸ਼ ਕਰਨਾ ਸੀ।

ਚੈਟ ਵਿੱਚ ਕਾਲੋਨੀ ਦੇ ਵੱਖ-ਵੱਖ ਘਰਾਂ ਦੇ ਲੋਕਾਂ ਨੇ ਆਪਣੀ ਰਾਏ ਪ੍ਰਗਟ ਕੀਤੀ ਅਤੇ ਪੂਜਾ ਦੇ ਆਯੋਜਨ ਲਈ ਲੋੜੀਂਦੇ ਸਾਧਨਾਂ, ਸਮਾਂ-ਸੂਚੀ ਅਤੇ ਸੁਰੱਖਿਆ ਉਪਾਇਆਂ ਬਾਰੇ ਚਰਚਾ ਕੀਤੀ। ਉਨ੍ਹਾਂ ਨੇ ਸਾਂਝੀ ਤੌਰ 'ਤੇ ਸਹਿਯੋਗੀ ਯੋਜਨਾ ਤਿਆਰ ਕਰਨ ਦੀ ਸਹਿਮਤੀ ਵੀ ਦਿੱਤੀ।

ਇਸ ਚਰਚਾ ਦੇ ਨਤੀਜੇ ਵਜੋਂ, ਕਾਲੋਨੀ ਦੇ ਨੇਤਾਵਾਂ ਨੇ ਪੂਜਾ ਦੀ ਤਿਆਰੀ ਲਈ ਇੱਕ ਸਮਰਪਿਤ ਟੀਮ ਬਣਾਉਣ ਅਤੇ ਲੋੜੀਂਦੇ ਵਸਤੇ ਇਕੱਠੇ ਕਰਨ ਦੀ ਯੋਜਨਾ ਬਣਾਈ। ਇਹ ਕਦਮ ਸਮੁਦਾਇਕ ਇਕਤਾ ਨੂੰ ਮਜ਼ਬੂਤ ਕਰਨ ਅਤੇ ਭਵਿੱਖ ਵਿੱਚ ਹੋਰ ਸਮਾਗਮਾਂ ਦੀ ਸਫਲਤਾ ਨੂੰ ਯਕੀਨੀ ਬਣਾਉਣ ਲਈ ਲਏ ਗਏ ਹਨ।

— Sunny Kumar, Jalandhar

ਲੁਧਿਆਨਾ ਵਿੱਚ ਸਰਕਾਰੀ ਛੁੱਟੀ: ਸ਼ਹੀਦ ਕਰਤਾਰ ਸਿੰਘ ਸਰਾਬਾ ਦੀ 111ਵੀਂ ਸ਼ਹਾਦਤ ਦਿਵਸ ਮਨਾਇਆ



ਲੁਧਿਆਨਾ: 16 ਨਵੰਬਰ 2026, ਸੋਮਵਾਰ ਨੂੰ ਪੰਜਾਬ ਭਰ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਬਾ ਜੀ ਦੇ ਸ਼ਹਾਦਤ ਦਿਵਸ ਉੱਤੇ ਰਾਜਕੀ ਛੁੱਟੀ ਦਾ ਐਲਾਨ ਕੀਤਾ ਗਿਆ। ਸਰਕਾਰੀ ਨੋਟੀਫਿਕੇਸ਼ਨ ਅਨੁਸਾਰ, ਅੱਜ ਸਾਰੇ ਸਰਕਾਰੀ ਦਫ਼ਤਰ, ਸਕੂਲ ਅਤੇ ਕਾਲਜ ਬੰਦ ਰਹਿਣਗੇ।

ਕਰਤਾਰ ਸਿੰਘ ਸਰਾਬਾ, ਜਿਨ੍ਹਾਂ ਦਾ ਜਨਮ 24 ਮਈ 1896 ਨੂੰ ਲੁਧਿਆਨਾ ਜ਼ਿਲ੍ਹੇ ਦੇ ਸਰਾਬਾ ਪਿੰਡ ਵਿੱਚ ਹੋਇਆ, 19 ਸਾਲ ਦੀ ਉਮਰ ਵਿੱਚ ਗਦਰ ਪਾਰਟੀ ਦੇ ਸਭ ਤੋਂ ਨੌਜਵਾਨ ਮੈਂਬਰ ਵਜੋਂ ਲਾਹੌਰ ਸੈਂਟ੍ਰਲ ਜੇਲ ਵਿੱਚ ਸ਼ਹੀਦ ਹੋਏ। ਉਨ੍ਹਾਂ ਨੂੰ ਸ਼ਹੀਦ-ਏ-ਅਜ਼ਮ ਭਗਤ ਸਿੰਘ ਨੇ ਆਪਣੇ ਗੁਰੂ ਵਜੋਂ ਮੰਨਿਆ।

ਸਰਕਾਰੀ ਦਫ਼ਤਰਾਂ ਦੇ ਇਲਾਵਾ, ਲੁਧਿਆਨਾ ਦੇ ਰੈੱਡ ਰੋਜ਼ ਪਬਲਿਕ ਸਕੂਲ ਅਤੇ ਕਈ ਨਿੱਜੀ ਸਕੂਲਾਂ ਨੇ ਵੀ ਛੁੱਟੀ ਦਾ ਐਲਾਨ ਕੀਤਾ ਹੈ। ਇਸ ਨਾਲ ਵਿਦਿਆਰਥੀਆਂ ਅਤੇ ਕਰਮਚਾਰੀਆਂ ਨੂੰ ਸ਼ਹੀਦ ਦੀ ਯਾਦ ਵਿੱਚ ਸਮਾਂ ਮਿਲੇਗਾ।

ਸਰਾਬਾ ਪਿੰਡ, ਜੋ ਲੁਧਿਆਨਾ-ਰਾਇਕੋਟ ਰੋਡ 'ਤੇ ਸਥਿਤ ਹੈ, ਵਿੱਚ ਵਿਸ਼ੇਸ਼ ਸਮਾਰੋਹ ਆਯੋਜਿਤ ਕੀਤੇ ਜਾ ਰਹੇ ਹਨ। ਜ਼ਿਲ੍ਹਾ ਪ੍ਰਸ਼ਾਸਨ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਦਿਨ ਨੂੰ ਸ਼ਹੀਦਾਂ ਨੂੰ ਨਮਨ ਕਰਦਿਆਂ ਮਨਾਉਣ।

— Sajjad Alam, Ludhiana

RELIGION

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਰਦਾਰ ਨਿਰਮਲ ਸਿੰਘ ਦੀ ਅਗਵਾਈ ਦੇ ਵਿਚ ਬੜੀ ਧੂਮ ਦਾਮ ਨਾਲ ਮਨਾਇਆ ਗਿਆ



ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਰਦਾਰ ਨਿਰਮਲ ਸਿੰਘ ਦੀ ਅਗਵਾਈ ਦੇ ਵਿਚ ਬੜੀ ਧੂਮ ਦਾਮ ਨਾਲ ਮਨਾਇਆ ਗਿਆ ਜਿਸ ਵਿਚ ਮੁੱਖ ਮਹਿਮਾਨ ਬੀਜੇਪੀ ਮੰਤਰੀ ਪ੍ਰਵੀਨ ਬਾਂਸਲ ਜੀ ਬੀਜੇਪੀ ਲੁਧਿਆਣਾ ਪ੍ਰਧਾਨ ਵਿਸ਼ੇਛ ਤੋਰ ਤੇ ਪੁਹੰਚੇ

— Jaspreet singh, Ludhiana

LOCAL

ਪੰਜਾਬ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ 111ਵੇਂ ਸ਼ਹਾਦਤ ਦਿਵਸ 'ਤੇ ਸਰਕਾਰੀ ਛੁੱਟੀ



ਲੁਧਿਆਣਾ, 16 ਨਵੰਬਰ 2026 – ਪੰਜਾਬ ਸਰਕਾਰ ਨੇ ਅੱਜ, ਸੋਮਵਾਰ, ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਦੇ 111ਵੇਂ ਸ਼ਹਾਦਤ ਦਿਵਸ ਨੂੰ ਸਰਕਾਰੀ ਛੁੱਟੀ ਦੇਣ ਦਾ ਐਲਾਨ ਕੀਤਾ। ਇਹ ਛੁੱਟੀ 2026 ਦੀ ਅਧਿਕਾਰਕ ਛੁੱਟੀਆਂ ਦੀ ਸੂਚੀ ਵਿੱਚ ਸ਼ਾਮਲ ਕੀਤੀ ਗਈ ਹੈ।

ਇਸ ਦਿਨ ਦੇਸ਼ ਭਰ ਵਿੱਚ ਕਰਤਾਰ ਸਿੰਘ ਸਰਾਭਾ ਦੀ ਸ਼ਹਾਦਤ ਨੂੰ ਯਾਦ ਕੀਤਾ ਜਾ ਰਿਹਾ ਹੈ। ਸਰਕਾਰੀ ਦਫ਼ਤਰ, ਕਚਹਿਰੀਆਂ ਅਤੇ ਹੋਰ ਸਰਕਾਰੀ ਸੰਸਥਾਵਾਂ ਵਿੱਚ ਛੁੱਟੀ ਰਹੇਗੀ, ਜਦਕਿ ਨਿੱਜੀ ਸਕੂਲਾਂ ਅਤੇ ਹੋਰ ਸੰਸਥਾਵਾਂ ਦੀ ਛੁੱਟੀ ਉਨ੍ਹਾਂ ਦੇ ਆਪਣੇ ਨਿਰਦੇਸ਼ਾਂ 'ਤੇ ਨਿਰਭਰ ਕਰੇਗੀ।

ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਜਨਮ 24 ਮਈ 1896 ਨੂੰ ਲੁਧਿਆਣਾ ਜ਼ਿਲ੍ਹੇ ਦੇ ਸਰਾਭਾ ਪਿੰਡ ਵਿੱਚ ਹੋਇਆ ਸੀ। ਉਹ ਗ਼ਦਰ ਪਾਰਟੀ ਦੇ ਮੁੱਖ ਕ੍ਰਾਂਤੀਕਾਰੀ ਸਦੱਸਾਂ ਵਿੱਚੋਂ ਇੱਕ ਸਨ ਅਤੇ ਬ੍ਰਿਟਿਸ਼ ਹਕੂਮਤ ਵਿਰੁੱਧ ਆਜ਼ਾਦੀ ਦੀ ਲੜਾਈ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ।

ਆਜ਼ਾਦੀ ਦੇ ਜਜ਼ਬੇ ਨੂੰ ਮਜ਼ਬੂਤ ਕੀਤਾ, ਅਤੇ 111ਵੇਂ ਸ਼ਹਾਦਤ ਦਿਵਸ 'ਤੇ ਉਨ੍ਹਾਂ ਦੀ ਯਾਦ ਨੂੰ ਸਨਮਾਨਿਤ ਕਰਨਾ, ਉਨ੍ਹਾਂ ਦੇ ਤਿਆਗ ਨੂੰ ਸਦੀਵਾਂ ਲਈ ਯਾਦ ਰੱਖਣ ਦਾ ਇੱਕ ਮਹੱਤਵਪੂਰਨ ਮੌਕਾ ਹੈ।

— Sajjad Alam, Ludhiana

INTERNATIONAL

Black Sea ''ਚ 3 ਵਪਾਰਕ ਜਹਾਜ਼ਾਂ ''ਤੇ Drone Attack, ਰੋਮਾਨੀਆ ਨੇ ਸੁਰੱਖਿਆ ''ਤੇ ਪ੍ਰਗਟਾਈ ਚਿੰਤਾ



Black Sea "ਚ 3 ਵਪਾਰਕ ਜਹਾਜ਼ਾਂ "ਤੇ Drone Attack, ਰੋਮਾਨੀਆ ਨੇ ਸੁਰੱਖਿਆ "ਤੇ ਪ੍ਰਗਟਾਈ ਚਿੰਤਾ

Monday, Nov 16, 2026 - 06:20 AM।

ਇੰਟਰਨੈਸ਼ਨਲ ਡੈਸਕ : ਕਾਲਾ ਸਾਗਰ (Black Sea) ਵਿੱਚ ਰੋਮਾਨੀਆ ਦੇ ਨੇੜੇ ਤਿੰਨ ਵਪਾਰਕ ਜਹਾਜ਼ਾਂ ਨੂੰ ਡਰੋਨ ਹਮਲਿਆਂ ਰਾਹੀਂ ਨਿਸ਼ਾਨਾ ਬਣਾਇਆ ਗਿਆ। ਰੋਮਾਨੀਆ ਦੇ ਪ੍ਰਧਾਨ ਮੰਤਰੀ ਲੂਕਾ ਨਿਕੁਲੇਸਕੂ ਨੇ ਐਤਵਾਰ ਨੂੰ ਇਸ ਘਟਨਾ ਬਾਰੇ ਜਾਣਕਾਰੀ ਦਿੱਤੀ। ਇਨ੍ਹਾਂ ਹਮਲਿਆਂ ਤੋਂ ਬਾਅਦ ਦੇਸ਼ ਦੀ ਫੌਜ ਨੂੰ ਦੋ ਵਾਰ ਲੜਾਕੂ ਜਹਾਜ਼ ਤਾਇਨਾਤ ਕਰਨੇ ਪਏ। ਕਿਸੇ ਜਾਨੀ ਨੁਕਸਾਨ ਦੀ ਕੋਈ ਖ਼ਬਰ ਨਹੀਂ ਹੈ।

ਰੱਖਿਆ ਮੰਤਰੀ ਸਟੇਫਨ ਰਾਡੂ ਓਪਰੀਆ ਅਨੁਸਾਰ, ਸ਼ਨੀਵਾਰ ਦੇਰ ਰਾਤ ਹੋਏ ਇਨ੍ਹਾਂ ਹਮਲਿਆਂ ਤੋਂ ਬਾਅਦ ਜਹਾਜ਼ਾਂ ਨੂੰ ਅੱਗ ਲੱਗ ਗਈ ਸੀ। ਹਾਲਾਂਕਿ, ਜਹਾਜ਼ਾਂ 'ਤੇ ਮੌਜੂਦ ਅਮਲੇ ਨੇ ਅੱਗ 'ਤੇ ਕਾਬੂ ਪਾ ਲਿਆ। ਪ੍ਰਭਾਵਿਤ ਜਹਾਜ਼ਾਂ ਵਿੱਚ ਯੂਨਾਨੀ ਝੰਡੇ ਵਾਲਾ ਤੇਲ ਅਤੇ ਰਸਾਇਣਕ ਟੈਂਕਰ 'ਈਵੀਆ ਪੈਟਰੋਲ ਵੀ' (Evia Petrol V), ਸੇਂਟ ਕਿਟਸ ਅਤੇ ਨੇਵਿਸ ਦੇ ਝੰਡੇ ਵਾਲਾ ਮਾਲ-ਵਾਹਕ ਜਹਾਜ਼ 'ਮਾਰਸੋਲ' (Marsol), ਅਤੇ ਤੇਲ ਉਤਪਾਦਾਂ ਦਾ ਟੈਂਕਰ 'ਅਲੀ ਨਜਾਫੋਵ' (Ali Najafov) ਸ਼ਾਮਲ ਹਨ।

ਹਾ

ਧੰਨ ਧੰਨ ਬਾਬਾ ਦੀਪ ਸਿੰਘ ਜੀ ਜਪ ਤਪ ਚੋਪਹਿਰਾ ਸਮਾਗਮ ਅਤੇ ਸ਼ਹੀਦੀ ਦਿਹਾੜਾ ਗੁਰਦੁਆਰਾ ਸ੍ਰੀ ਗੁਰੂ ਅਮਰਦਾਸ ਜੀ ਅਮਰਪੁਰਾ ਨਜਦੀਕ ਸਿਵਲ ਹਸਪਤਾਲ ਲੁਧਿਆਣਾ ਵਿਖੇ ਬੜੀ ਸ਼ਰਧਾ ਨਾਲ ਕਰਵਾਇਆ ਗਇਆ



ਧੰਨ ਧੰਨ ਬਾਬਾ ਦੀਪ ਸਿੰਘ ਜੀ ਜਪ ਤਪ ਚੋਪਹਿਰਾ ਸਮਾਗਮ ਗੁਰਦੁਆਰਾ ਸ੍ਰੀ ਗੁਰੂ ਅਮਰਦਾਸ ਜੀ ਅਮਰਪੁਰਾ ਨਜਦੀਕ ਸਿਵਲ ਹਸਪਤਾਲ ਲੁਧਿਆਣਾ ਵਿਖੇ ਬੜੀ ਸ਼ਰਧਾ ਨਾਲ ਗੁਰਦਵਾਰਾ ਪ੍ਰਬੰਧਕ ਕਮੇਟੀ ਗੁਰੂਦਵਾਰਾ ਗੁਰੂ ਅਮਰਦਾਸ ਸੇਵਾ ਸੋਸਾਇਟੀ ਅਤੇ ਸਮਹੂ ਸੰਗਤਾਂ ਦੇ ਸਹਿਜੋਗ ਦੇ ਨਾਲ ਕਰਵਾਇਆ ਗਇਆ

— Jaspreet singh, Ludhiana

ਸ਼੍ਰੀ ਖਾਟੂ ਸ਼ YAML ਬਾਲਾਜੀ ਸੇਵਾ ਸਮਿਤੀ ਨੇ ਨਿਸ਼ਾਨ ਯਾਤਰਾ ਦਾ ਨਿਮੰਤ੍ਰਣ ਪੱਤਰ ਜਾਰੀ ਕੀਤਾ



ਸ਼੍ਰੀ ਖਾਟੂ ਸ਼ YAML ਬਾਲਾਜੀ ਸੇਵਾ ਸਮਿਤੀ (ਰਜਿ.), ਮਾਲਰਕੋਟਲਾ ਦੀ ਓਰ ਸੇ ਸ਼੍ਰੀ ਖਾਟੂ ਸ਼ YAML ਬਾਲਾਜੀ ਜੀ ਦੇ ਜਨਮotsav ਦੇ ਉਪਲਖ ਵਿੱਚ ਆਯੋਜਿਤ ਹੋਣ ਵਾਲੀ ਭਵੰਦ ਨਿਸ਼ਾਨ ਯਾਤਰਾ ਨੂੰ ਲੈ ਕੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਇਸੇ ਕੜੀ ਵਿੱਚ ਸਮਿਤੀ ਦੇ ਮੈਂਬਰਾਂ ਨੇ ਨਿਸ਼ਾਨ ਯਾਤਰਾ ਦਾ ਨਿਮਤਰਣ ਪੱਤਰ ਜਾਰੀ ਕੀਤਾ।

ਇਸ ਅਕਸਰ ਤੇ ਸਮਿਤੀ ਦੇ ਅਧਿਕਾਰੀਆਂ ਤੇ ਮੈਂਬਰਾਂ ਨੇ ਸਾਮੁਹਿਕ ਰੂਪ ਵਿੱਚ ਨਿਮਤਰਣ ਪੱਤਰ ਦਾ ਵਿਮੋਚਨ ਕੀਤਾ ਅਤੇ ਸ਼ਰਧਾਲੁਆਂ ਨੂੰ ਨਿਸ਼ਾਨ ਯਾਤਰਾ ਵਿੱਚ ਬਢ਼-ਚਢ਼ਕਰ ਭਾਗ ਲੈਣ ਲਈ ਆਮੰਤ੍ਰਿਤ ਕੀਤਾ।

ਬਾਲਾਜੀ ਜੀ ਦਾ ਜਨਮotsav ਸ਼ਰਧਾਲੁਆਂ ਲਈ ਵਿਸ਼ੇਸ਼ ਮਹਤਵ ਰਖਦਾ ਹੈ। ਇਸ ਪਵਨ ਅਕਸਰ ਤੇ ਨਿਸ਼ਾਨ ਯਾਤਰਾ ਰਾਹੀਂ ਬਾਬਾ ਦਾ ਗੁਣਗਾਨ ਕੀਤਾ ਜਾਵੇਗਾ ਤੇ ਸ਼ਰਧਾਲੁ ਭਗਤੀ ਤੇ ਸ਼ਰਧਾ ਨਾਲ ਬਾਬਾ ਦੇ ਦਰਬਾਰ ਵਿੱਚ ਨਿਸ਼ਾਨ ਅਰ੍ਪਿਤ ਕਰਨਗੇ।

ਸਮਿਤੀ ਦੀ ਓਰ ਸੇ ਸ਼ਹਿਰੀਆਂ ਤੇ ਸਾਰੇ ਸ਼ YAML ਭਗਤਾਂ ਤੋਂ ਅਪੀਲ ਕੀਤੀ ਗਈ ਕਿ ਉਹ ਇਸ ਧਾਰ੍ਮਿਕ ਆਯੋਜਨ ਵਿੱਚ ਸ਼ਾਮਿਲ ਹੋਕੇ ਬਾਬਾ ਦਾ ਆਸ਼ੀਰਵਾਦ ਪ੍ਰਾਪਤ ਕਰਨ।

ਜਯ ਸ਼੍ਰੀ ਸ਼ਯਾਮ ਜੀ ਜਯ ਸ਼੍ਰੀ ਬਾਲਾਜੀ

— Kimmy Arora

RELIGION

ਕੈਨੇਡਾ ਦੇ ਕਿਚਨਰ ਗੁਰਦੁਆਰਾ ਸਾਹਿਬ ਵਿੱਚ ਘਟਨਾ



ਕੈਨੇਡਾ ਵਿੱਚ ਸਥਿਤ ਕਿਚਨਰ ਗੁਰਦੁਆਰਾ ਸਾਹਿਬ ਵਿੱਚ ਅਚਾਨਕ ਇੱਕ ਘਟਨਾ ਵਾਪਰੀ, ਜਿਸ ਨੇ ਸਥਾਨਕ ਸਮੁਦਾਇ ਅਤੇ ਵਿਦਿਆਰਥੀਆਂ ਦੀ ਧਿਆਨ ਖਿੱਚਿਆ।

ਘਟਨਾ ਦੀ ਪੂਰੀ ਵੀਡੀਓ ਹੁਣ ਆਨਲਾਈਨ ਉਪਲਬਧ ਹੈ, ਜਿਸ ਨੂੰ ਦੇਖ ਕੇ ਲੋਕ ਘਟਨਾ ਦੀ ਸੱਚਾਈ ਅਤੇ ਪ੍ਰਭਾਵ ਬਾਰੇ ਆਪਣੀ ਰਾਏ ਪ੍ਰਗਟ ਕਰ ਸਕਦੇ ਹਨ।

ਇਸ ਘਟਨਾ ਬਾਰੇ ਹੋਰ ਜਾਣਕਾਰੀ ਅਤੇ ਵਿਸ਼ਲੇਸ਼ਣ ਲਈ ਵਿਦਿਆਰਥੀ ਅਤੇ ਸਮੁਦਾਇਕ ਮੈਂਬਰਾਂ ਨੂੰ ਵੀਡੀਓ ਦੇਖਣ ਅਤੇ ਆਪਣੀ ਰਾਏ ਸਾਂਝੀ ਕਰਨ ਦੀ ਅਪੀਲ ਕੀਤੀ ਗਈ ਹੈ।

— Amandeep Singh

ਪਰਵਿੰਦਰ ਝੋਟਾ ਦੀ ਅੰਤਿਮ ਅਰਦਾਸ ''ਚ ਉਮੜਿਆ ਲੋਕਾਂ ਦਾ ਹੜ੍ਹ, ਪੜ੍ਹੋ ਪਿਤਾ ਭੀਮ ਸਿੰਘ ਦੇ ਭਾਵੁਕ ਬੋਲ



ਪਰਵਿੰਦਰ ਝੋਟਾ ਦੀ ਅੰਤਿਮ ਅਰਦਾਸ "ਚ ਉਮੜਿਆ ਲੋਕਾਂ ਦਾ ਹੜ੍ਹ, ਪੜ੍ਹੋ ਪਿਤਾ ਭੀਮ ਸਿੰਘ ਦੇ ਭਾਵੁਕ ਬੋਲ

Sunday, Nov 15, 2026 - 03:19 PM ।

ਤਲਵੰਡੀ ਸਾਬੋ : ਨਸ਼ਿਆਂ ਖ਼ਿਲਾਫ਼ ਲੜਾਈ ਲੜਨ ਵਾਲੇ ਕਾਰਕੁੰਨ ਪਰਵਿੰਦਰ ਸਿੰਘ ਝੋਟਾ ਦੀ ਅੰਤਿਮ ਅਰਦਾਸ ਅੱਜ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਕੀਤੀ ਗਈ। ਤਖ਼ਤ ਸਾਹਿਬ ਦੇ ਰਾਗੀ ਜੱਥੇ ਵਲੋਂ ਕੀਰਤਨ ਦੀ ਆਰੰਭਤਾ ਨਾਲ ਸਮਾਗਮ ਸ਼ੁਰੂ ਹੋਇਆ। ਪਰਵਿੰਦਰ ਝੋਟਾ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਕੌਮੀ ਸ਼ਹੀਦ ਐਲਾਨਿਆ ਜਾ ਚੁੱਕਾ ਹੈ। ਇਸ ਸਮਾਗਮ 'ਚ ਦੂਰੋਂ-ਦੂਰੋਂ ਲੋਕਾਂ ਦਾ ਹੜ੍ਹ ਉਮੜ ਆਇਆ ਅਤੇ ਬਹੁਤ ਭਾਰੀ ਇਕੱਠ ਹੋਇਆ। ਇਸ ਮੌਕੇ ਪਰਵਿੰਦਰ ਝੋਟਾ ਦੇ ਪਿਤਾ ਭੀਮ ਸਿੰਘ ਨੇ ਭਾਵੁਕ ਬਿਆਨ ਦਿੰਦਿਆਂ ਸਮਾਜਿਕ ਜੱਥੇਬੰਦੀਆਂ ਅਤੇ ਬਾਕੀ ਲੋਕਾਂ ਦਾ ਧੰਨਵਾਦ ਕੀਤਾ।

ਉਨ੍ਹਾਂ ਕਿਹਾ ਕਿ ਝੋਟੇ ਦੀ ਅੰਤਿਮ ਅਰਦਾਸ 'ਤੇ ਹੋਇਆ ਲੋਕਾਂ ਦਾ ਠਾਠਾਂ ਮਾਰਦਾ ਇਕੱਠ ਉਸ ਦਾ ਕਤਲ ਕਰਨ ਵਾਲੇ ਅਤੇ ਕਰਵਾਉਣ ਵਾਲਿਆਂ ਦੇ ਮੂੰਹ 'ਤੇ ਕਾਲਾ ਧੱਬਾ ਹੈ। ਉਨ੍ਹਾਂ ਕਿਹਾ ਕਿ ਕਿਸੇ ਸਮੇਂ ਸ੍ਰੀ ਰਾਮ ਚੰਦਰ ਜੀ ਨੇ ਰਾਵਣ 'ਤੇ ਜਿੱਤ ਪ੍ਰਾਪਤ ਕੀਤੀ ਸੀ। ਇਸੇ ਤਰ੍ਹਾਂ ਅੱਜ ਸੱਚੇ ਪਾਤਸ਼ਾਹ ਦੀ ਕਿਰਪਾ ਨਾਲ ਇਸ ਝੂਠ 'ਤੇ ਪਰਵਿੰਦਰ ਸਿੰਘ ਝੋਟਾ ਨੇ ਜਿੱਤ ਪ੍ਰਾਪਤ ਕੀਤੀ ਹੈ। ਉਨ੍ਹਾਂ ਕਿਹਾ ਕਿ ਪਰਵਿੰਦਰ ਸਿੰਘ ਨੇ ਆਪਣੀ ਸ਼ਹਾਦਤ ਦੇ ਕੇ ਗੁਰੂ ਮਹਾਰਾਜ ਦੀ ਕਿਰਪਾ ਨਾਲ ਝੂਠ ਖ਼ਿਲਾਫ਼ ਜਿੱਤ ਹਾਸਲ ਕੀਤੀ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਕੌਮੀ ਸ਼ਹੀਦ ਐਲਾਨੇ ਭਾਈ ਪਰਵਿੰਦਰ ਸਿੰਘ ਝੋਟਾ ਦੀ ਅੱਜ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਹੋਈ ਅੰਤਿਮ ਅਰਦਾਸ ਦੇ ਸਮਾਗਮਾਂ ਨੂੰ ਲੈ ਕੇ ਪੁਲਸ ਪ੍ਰਸ਼ਾਸ਼ਨ ਵੱਲੋਂ ਸੁਰੱਖਿਆ ਦੇ ਸਖ਼ਤ ਇੰਤਜ਼ਾਮ ਕੀਤੇ ਗਏ ਸਨ

— Shamsher Singh

ਕਾਂਗਰਸ ਦੀ ਸਰਕਾਰ ਆਉਣ 'ਤੇ ਪੰਜਾਬ 'ਚੋਂ ਨਸ਼ਾ ਤੇ ਗੈਂਗਸਟਰਵਾਦ ਨੂੰ ਜੜ੍ਹੋਂ ਕੀਤਾ ਜਾਵੇਗਾ ਖ਼ਤਮ: ਚਰਨਜੀਤ ਸਿੰਘ ਚੰਨੀ



ਕਾਂਗਰਸ ਦੀ ਸਰਕਾਰ ਆਉਣ 'ਤੇ ਪੰਜਾਬ 'ਚੋਂ ਨਸ਼ਾ ਤੇ ਗੈਂਗਸਟਰਵਾਦ ਨੂੰ ਜੜ੍ਹੋਂ ਕੀਤਾ ਜਾਵੇਗਾ ਖ਼ਤਮ: ਚਰਨਜੀਤ ਸਿੰਘ ਚੰਨੀ

Sunday, Nov 15, 2026 - 05:07 PM ।

ਧਰਮਕੋਟ (ssm)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਸ਼ੁਰੂ ਕੀਤੀ ਗਈ 'ਜਵਾਨੀ ਸੰਭਾਲ ਸਾਈਕਲ ਯਾਤਰਾ' ਦਾ ਅੱਜ ਧਰਮਕੋਟ ਵਿਖੇ ਪਹੁੰਚਣ 'ਤੇ ਧਰਮਕੋਟ ਹਲਕੇ ਦੇ ਸਾਬਕਾ ਵਿਧਾਇਕ ਸੁਖਜੀਤ ਸਿੰਘ ਲੋਹਗੜ ਅਤੇ ਉਨ੍ਹਾਂ ਦੇ ਬੇਟੇ ਰੁਪਿੰਦਰ ਸਿੰਘ ਰਾਜੂ ਸਮਰਾ ਦੀ ਅਗਵਾਈ 'ਚ ਕਾਂਗਰਸੀ ਵਰਕਰਾਂ ਵੱਲੋਂ ਭਾਰੀ ਸਵਾਗਤ ਕੀਤਾ ਗਿਆ। ਇਸ ਮੌਕੇ 'ਤੇ ਹਜ਼ਾਰਾਂ ਦੀ ਤਾਦਾਦ 'ਚ ਕਾਂਗਰਸੀ ਵਰਕਰਾਂ ਵੱਲੋਂ ਚਰਨਜੀਤ ਸਿੰਘ ਚੰਨੀ ਜ਼ਿੰਦਾਬਾਦ ਅਤੇ ਸੁਖਜੀਤ ਸਿੰਘ ਲੋਹਗੜ ਜ਼ਿੰਦਾਬਾਦ ਦੇ ਨਾਅਰੇ ਲਗਾਏ ਗਏ। ਇਸ ਮੌਕੇ 'ਤੇ ਹਜ਼ਾਰਾਂ ਦੀ ਤਾਦਾਦ 'ਚ ਧਰਮਕੋਟ ਹਲਕੇ ਦੇ ਕਾਂਗਰਸੀ ਵਰਕਰਾਂ ਵੱਲੋਂ ਇਸ ਯਾਤਰਾ 'ਚ ਸ਼ਮੂਲੀਅਤ ਕੀਤੀ ਗਈ।

ਇਸ ਮੌਕੇ 'ਤੇ ਪ੍ਰੈੱਸ ਨਾਲ ਗੱਲਬਾਤ ਦੌਰਾਨ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਰੰਗਲੇ ਪੰਜਾਬ ਨੂੰ ਚਿੱਟਾ ਪੰਜਾਬ ਬਣਾ ਦਿੱਤਾ ਹੈ। ਅੱਜ ਚਿੱਟੇ ਦੀ ਹੋਮ ਡਿਲੀਵਰੀ ਘਰ-ਘਰ ਹੋ ਰਹੀ ਹੈ। ਪੰਜਾਬ ਦੀ ਜਵਾਨੀ ਨੂੰ ਚਿੱਟਾ ਖਾ ਰਿਹਾ ਹੈ ਅਤੇ ਪੰਜਾਬ 'ਚ ਗੈਂਗਸਟਰ ਪੂਰੀ ਤਰ੍ਹਾਂ ਹਾਵੀ ਹੋ ਚੁੱਕਾ ਹੈ। ਆਮ ਲੋਕਾਂ ਨੂੰ ਲਗਾਤਾਰ ਫਿਰੌਤੀਆਂ ਦੀਆਂ ਕਾਲਾਂ ਆ ਰਹੀਆਂ ਹਨ। ਪੰਜਾਬ ਦੇ ਲੋਕਾਂ ਦਾ ਜੀਵਨ ਸੁਰੱਖਿਅਤ ਨਹੀਂ। ਉਨ੍ਹਾਂ ਕਿਹਾ ਕਿ ਨਸ਼ੇ ਖ਼ਿਲਾਫ਼ ਆਵਾਜ਼ ਚੁੱਕਣ ਵਾਲਿਆਂ ਨੂੰ ਮੌਤ ਦੇ ਘਾਟ ਉਤਾਰਿਆ ਜਾ ਰਿਹਾ ਹੈ।

ਚਿੱਟੇ ਨੂੰ ਅਤੇ ਗੈਂਗਸਟਰਵਾਦ ਨੂੰ ਜੜ੍ਹੋਂ ਖ਼ਤਮ ਕੀਤਾ ਜਾਵੇਗਾ। ਇਸ ਮੌਕੇ 'ਤੇ ਧਰਮਕੋਟ ਹਲਕੇ ਦੇ ਸਾਬਕਾ ਵਿਧਾਇਕ ਸੁਖਜੀਤ ਸਿੰਘ ਲੋਹਗੜ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਵਿਸ਼ੇਸ਼ ਸਨਮਾਨ ਕੀਤਾ। ਧਰਮਕੋਟ ਤੋਂ ਚੱਲ ਕੇ ਇਹ ਸਾਈਕਲ ਯਾਤਰਾ ਪਿੰਡ ਜਲਾਲਾਬਾਦ ਫਤਿਹਗੜ੍ਹ ਕੋਰੋ ਟਾਨਾ ਅਤੇ ਲੁਹਾਰਾ ਚੌਂਕ ਪਹੁੰਚੀ, ਜਿੱਥੇ ਧਰਮਕੋਟ ਹਲਕੇ ਦੇ ਕਾਂਗਰਸੀ ਆਗੂਆਂ ਵੱਲੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਭਾਰੀ ਸਵਾਗਤ ਕੀਤਾ ਗਿਆ।

— Shamsher Singh

INTERNATIONAL

ਪਲਟ ਗਈ ਤੇਲ ਕੰਪਨੀ ਦੇ ਮੁਲਾਜ਼ਮਾਂ ਨੂੰ ਲਿਜਾ ਰਹੀ ਬੱਸ ! 12 ਦੀ ਮੌਤ, ਇਲਾਮ ''ਚ ਛਾਇਆ ਸੋਗ



ਪਲਟ ਗਈ ਤੇਲ ਕੰਪਨੀ ਦੇ ਮੁਲਾਜ਼ਮਾਂ ਨੂੰ ਲਿਜਾ ਰਹੀ ਬੱਸ ! 12 ਦੀ ਮੌਤ, ਇਲਾਮ "ਚ ਛਾਇਆ ਸੋਗ

Sunday, Nov 15, 2026 - 05:06 PM।

ਇੰਟਰਨੈਸ਼ਨਲ ਡੈਸਕ- ਅਮਰੀਕਾ ਨਾਲ ਜੰਗ 'ਚ ਫ਼ਸੇ ਇਰਾਨ ਤੋਂ ਇਕ ਬੇਹੱਦ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ, ਜਿੱਥੋਂ ਦੇ ਇਲਾਮ ਸੂਬੇ 'ਚ ਸ਼ਨੀਵਾਰ ਦੇਰ ਰਾਤ ਨੂੰ ਤੇਲ ਅਤੇ ਗੈਸ ਕੰਪਨੀ ਦੇ ਕਰਮਚਾਰੀਆਂ ਨੂੰ ਲੈ ਕੇ ਜਾ ਰਹੀ ਇੱਕ ਬੱਸ ਦੇ ਪਲਟ ਜਾਣ ਕਾਰਨ ਭਿਆਨਕ ਹਾਦਸਾ ਵਾਪਰ ਗਿਆ। ਇਰਾਨੀ ਸਰਕਾਰੀ ਮੀਡੀਆ ਅਨੁਸਾਰ, ਇਸ ਭਿਆਨਕ ਹਾਦਸੇ ਵਿੱਚ ਘੱਟੋ-ਘੱਟ 12 ਲੋਕਾਂ ਦੀ ਮੌਤ ਹੋ ਗਈ ਹੈ ਅਤੇ 16 ਹੋਰ ਜ਼ਖ਼ਮੀ ਹੋਏ ਹਨ।

ਇਰਾਨ ਦੀ ਸਰਕਾਰੀ ਨਿਊਜ਼ ਏਜੰਸੀ IRNA ਮੁਤਾਬਕ, ਇਹ ਹਾਦਸਾ ਇਰਾਕ ਦੀ ਸਰਹੱਦ ਨੇੜੇ ਅਬਦਾਨਾਨ ਅਤੇ ਦੇਹਲੋਰਾਨ ਕਾਉਂਟੀਆਂ ਵਿਚਕਾਰ ਸੜਕ 'ਤੇ ਉਸ ਸਮੇਂ ਵਾਪਰਿਆ, ਜਦੋਂ ਨੈਚੁਰਲ ਗੈਸ ਲਿਕਵਿਡਜ਼ (NGL) ਕੰਪਨੀ ਦੇ ਮੁਲਾਜ਼ਮਾਂ ਨੂੰ ਲਿਜਾ ਰਹੀ ਬੱਸ ਬੇਕਾਬੂ ਹੋ ਕੇ ਪਲਟ ਗਈ।

ਇਰਾਨ ਦੀ ਸਰਕਾਰੀ ਨਿਊਜ਼ ਏਜੰਸੀ IRNA ਮੁਤਾਬਕ, ਇਹ ਹਾਦਸਾ ਇਰਾਕ ਦੀ ਸਰਹੱਦ ਨੇੜੇ ਅਬਦਾਨਾਨ ਅਤੇ ਦੇਹਲੋਰਾਨ ਕਾਉਂਟੀਆਂ ਵਿਚਕਾਰ ਸੜਕ 'ਤੇ ਉਸ ਸਮੇਂ ਵਾਪਰਿਆ, ਜਦੋਂ ਨੈਚੁਰਲ ਗੈਸ ਲਿਕਵਿਡਜ਼ (NGL) ਕੰਪਨੀ ਦੇ ਮੁਲਾਜ਼ਮਾਂ ਨੂੰ ਲਿਜਾ ਰਹੀ ਬੱਸ ਬੇਕਾਬੂ ਹੋ ਕੇ ਪਲਟ ਗਈ।

— Shamsher Singh